ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1| Jan.-Mar. 2026
ISSN: 2583-9446 (O)
Paper Published Id: ARMN040105
Available online at: www.armaan.org.in
DOI: https://doi.org/10.64119/armaan.vol.4.issue1.05

# ਮੁਹੱਬਤੀ ਦ੍ਰਿਸ਼ਟੀਆਂ ਦੀ ਕਰਾਮਾਤ: 'ਮੁਹੱਬਤ ਨੇ ਕਿਹਾ' ਕਾਵਿ ਪੁਸਤਕ

# Muhbati Drishtiyan Di Kramaat: 'Muhbat Ne Kiha' Kaavi Pustak

**ਡਾ.ਮਨਿੰਦਰਜੀਤ ਕੌਰ (Dr. Maninderjit Kaur)**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ (Assistant Professor, Dept. of Punjabi)
ਦਸਮੇਸ਼ ਗਰਲਜ਼ ਕਾਲਜ, ਮੁਕੇਰੀਆਂ (ਪੰਜਾਬ)
Email ID: dr.maninderjit2016@gmail.com ਮੋਬਾਈਲ: +91- 98155-45218

**ਸਾਰ (Abstract)**

*ਮੁਹੱਬਤ ਇੱਕ ਅਜਿਹੀ ਭਾਵਨਾ ਹੈ ਜਿਸ ਵਿੱਚ ਬਿਨਾਂ ਸੂਰਤ ਕਿਸੇ ਦੂਜੇ ਨੂੰ ਸਵੀਕਾਰਨਾ ਹੁੰਦਾ ਹੈ। ਜਿਸ ਨੂੰ ਵੇਖ ਕੇ ਸਾਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਜੇਕਰ ਇਸ ਦੀਆਂ ਡੂੰਘਾਣਾਂ ਨੂੰ ਜਾਣਨਾ ਹੋਵੇ ਤਾਂ ਮੁਹੱਬਤ, ਆਸ਼ਕੀ, ਇਸ਼ਕ, ਸੁਨੇਹਾ ਹਿਤ ਦੋਸਤੀ, ਪਿਆਰ, ਪ੍ਰੀਤ, ਪ੍ਰੇਮ,ਮੋਹ, ਆਦਿ ਕਈ ਸ਼ਬਦਾਂ ਦੇ ਸੰਘ ਵਿਚਰਨਾ ਪੈਂਦਾ ਹੈ। ਅਜੋਕੀ ਪੰਜਾਬੀ ਕਵਿਤਾ ਆਮ ਮਨੁੱਖ ਦੇ ਮਨੋਭਾਵਾਂ ਨਾਲ ਸੰਵਾਦ ਰਚਾਉਂਦੀ ਹੈ ਤੇ ਉਸ ਦੀ ਹਰ ਸਮੱਸਿਆ ਦੇ ਸੰਵੇਦਨਾ ਬਾਰੇ ਗੱਲ ਕਰਦੀ ਹੈ। ਫੇਰ ਸਮੁੱਚੇ ਬ੍ਰਹਿਮੰਡ ਨੂੰ ਕਲਾਵੇ ਵਿੱਚ ਲੈਣ ਦੀ ਸਮਰੱਥਾ ਰੱਖਦੀ ਹੋਈ ਦਿਖਾਈ ਦਿੰਦੀ ਹੈ।ਪੰਜਾਬੀ ਕਵਿਤਾ ਲੋਕ ਮੁਖੀ ਤੇ ਲੋਕ ਪੱਖੀ ਹੋਣ ਦਾ ਦਾਅਵਾ ਕਰਦੀ ਹੈ। ਇਹ ਸਮੇਂ ਦੇ ਨਾਲ-ਨਾਲ ਤੁਰਦੀ ਹੋਈ ਕਈ ਵੇਗਾਂ ਵਿੱਚੋਂ ਲੰਘਦੀ ਹੈ। ਜੇਕਰ ਅਜੋਕੇ ਸਮੇਂ ਦਾ ਖ਼ਿਆਲ ਕਰੀਏ ਤਾਂ ਉੱਤਰ ਆਧੁਨਿਕ-ਵਿਚਾਰ ਧਾਰਾ ਅਤੇ ਵਿਸ਼ਵ ਕਰਨ ਦੇ ਪ੍ਰਭਾਵਾਂ ਨੇ ਪੰਜਾਬੀ ਕਵਿਤਾ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਇਹ ਕਵਿਤਾ ਨਵੀਂ ਦਿਸ਼ਾ ਦੇ ਨਾਲ ਸਮਾਜਿਕ ਸਰੋਕਾਰਾਂ ਤੇ ਕੇਂਦਰੀ ਹੋਣ ਤੇ ਮਾਨਵੀ ਰਿਸ਼ਤਿਆਂ ਦੇ ਖੰਡਿਤ ਸੰਤਾਪ ਨੂੰ ਪੇਸ਼ ਕਰਦੀ ਹੈ।*

***ਕੀਵਰਡ (Keyword):*** *'ਮੁਹੱਬਤ ਨੇ ਕਿਹਾ', ਪੰਜਾਬੀ ਕਵਿਤਾ, ਮਾਨਵੀ ਰਿਸ਼ਤੇ, ਉੱਤਰ-ਆਧੁਨਿਕਤਾ, ਆਤਮਿਕ ਆਨੰਦ, ਸਮਾਜਿਕ ਸਰੋਕਾਰ।*

ਆਧੁਨਿਕ ਕਵਿਤਾ ਮੁੱਢ ਭਾਈ ਵੀਰ ਸਿੰਘ ਨੇ ਬੰਨ੍ਹਿਆ ਹੈ। ਪ੍ਰੋ. ਪੂਰਨ ਸਿੰਘ ਨੇ ਅੱਗੇ ਤੋਰਿਆ। ਡਾ. ਮੋਹਨ ਸਿੰਘ ਦੀਵਾਨਾ ਨੇ ਕਾਵਿ ਨੂੰ ਵਿਚਾਰਿਆ ਹੈ। ਪ੍ਰੋ. ਮੋਹਨ ਸਿੰਘ ਨੇ ਰੱਬ ਦੇ ਪ੍ਰਤੀ ਕਰਮ ਨੂੰ ਲਿਆ। ਨਵ-ਰਹੱਸਵਾਦੀ ਪ੍ਰਵਿਰਤੀ ਦਾ ਸਹੀ ਸੰਚਾਲਕ ਪ੍ਰੀਤਮ ਸਿੰਘ ਸਫ਼ੀਰ ਨੂੰ ਹੀ ਮੰਨਿਆ ਜਾਂਦਾ ਹੈ। ਫਿਰ ਅਨੇਕਾਂ ਕਵੀਆਂ ਦੇ ਆਮਦ ਨਾਲ ਆਧੁਨਿਕ ਪੰਜਾਬੀ ਕਵਿਤਾ ਸਿਖ਼ਰਾਂ ਤੇ ਰਹੀ। ਸ਼ਿਵ ਕੁਮਾਰ ਦੀ ਤਰ੍ਹਾਂ ਸੁਰਜੀਤ ਪਾਤਰ ਜਵਾਨ ਦਿਲਾਂ ਦੀ ਧੜਕਣ ਰਿਹਾ। ਉਸ ਨੇ ਇੱਕ ਨਵੀਂ ਦਿਸ਼ਾ ਤੇ ਊਰਜਾ ਪ੍ਰਦਾਨ ਕੀਤੀ। ਸ਼ਿਵ ਦੀ ਤਰ੍ਹਾਂ ਤਰੰਨਮ ਦਾ ਸ਼ਾਇਰ ਹੈ। ਇਸ ਤਰ੍ਹਾਂ ਆਧੁਨਿਕ ਕਾਵਿ ਵਿਧਾ ਬਹੁ-ਪਰਤੀ ਸੰਵਾਦਾਂ ਵਿਚ ਆਉਣੀ ਸ਼ੁਰੂ ਹੋ ਗਈ। ਅਜੋਕਾ ਵਿਸ਼ੇਸ਼ਣ ਰੂਪ ਵਿੱਚ ਬਦਲਣਾ ਦੀ ਦ੍ਰਿਸ਼ਟੀ ਦਾ ਯੁੱਗ ਮੰਨਿਆ ਜਾਂਦਾ ਹੈ। ਆਧੁਨਿਕ ਵਿਧਾ ਵਿੱਚ ਕਵਿਤਾ ਦੀ ਵੇਦਨਾ ਬੌਧਿਕਤਾ ਦੇ ਮਨੋਭਾਵਾਂ ਵਿੱਚ ਅੰਕਿਤ ਕਰਕੇ ਪੇਸ਼ ਕੀਤਾ ਗਿਆ ਹੈ।

> *"ਜਦੋਂ ਬੰਦਾ ਕਿਸੇ ਸਿਧਾਂਤ ਜਾਂ ਦ੍ਰਿਸ਼ਟੀਕੋਣ ਨੂੰ ਅਪਣਾ ਲੈਂਦਾ ਹੈ ਤਾਂ ਉਹ ਇੰਨੇ ਨਾਲ ਹੀ ਉਸ ਸਿਧਾਂਤ ਦੇ ਪੂਰਨ ਸੱਚ ਨੂੰ ਗ੍ਰਹਿਣ ਕਰ ਲੈਂਦਾ ਹੈ।"*[1]

ਆਧੁਨਿਕ ਵਿਧਾ ਨੂੰ ਵੱਖਰੀ ਵੰਨਗੀ ਵਿੱਚ ਪੇਸ਼ ਕਰਨ ਵਾਲਾ ਕਵੀ ਡਾ. ਦਵਿੰਦਰ ਸੈਫ਼ੀ ਨੇ ਆਪਣਾ ਸਾਹਿਤਕ ਸਫ਼ਰ ਆਪਣੀ ਪੁਸਤਕ ਕਾਵਿ ਸੰਗ੍ਰਹਿ 'ਦੁਪਹਿਰ ਦਾ ਸਫ਼ਾ' ਨਾਲ ਸ਼ੁਰੂ ਕੀਤਾ। ਉਹਨਾਂ ਸਾਹਿਤ ਦੀ ਝੋਲੀ ਵਿੱਚ ਅਨੇਕਾਂ ਕਾਵਿ ਸੰਗ੍ਰਹਿ ਉੱਤਰ ਆਧੁਨਿਕ ਪਰਿਪੇਖ ਦਾ ਮਹਾਂਮਾਨਵ, ਸਾਹਿਤ ਸਿਧਾਂਤਕਾਰੀ ਅਤੇ ਪੰਜਾਬੀ ਸਿਧਾਂਤਕਾਰ, 'ਵੱਡਿਆਂ ਦੀਆਂ ਮੱਤਾਂ' (ਕਹਾਣੀਆਂ), 'ਕਲਾਮ-ਏ-ਸੈਫ਼ੀ' (ਸ਼ਾਹਮੁਖੀ ਵਿੱਚ), 'ਮੁਹੱਬਤ ਨੇ ਕਿਹਾ' (ਕਾਵਿ ਸੰਗ੍ਰਹਿ), 'ਕਾਵਿ ਦਾ ਪ੍ਰਵੇਸ਼ ਦੁਆਰ' (ਕਾਵਿ-ਚਿੰਤਨ) ਆਦਿ ਰਚਨਾ ਰਚੀਆਂ ਹਨ। 'ਮੁਹੱਬਤ ਨੇ ਕਿਹਾ' ਕਾਵਿ ਸੰਗ੍ਰਹਿ ਵਿੱਚ ਕਵੀ ਨੇ ਪਿਆਰ ਦੀ ਸੱਚੀ ਪਰਿਭਾਸ਼ਾ ਦਿੱਤੀ ਹੈ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਪ੍ਰੇਮ, ਮਨੁੱਖਤਾ,ਸਮਾਜਿਕ ਬਦਲਾਵ ਅਤੇ ਅੰਤਰ ਆਤਮਾ ਦੀ ਗਹਿਰਾਈ ਬਾਰੇ ਦੱਸਿਆ ਹੈ।

ਪੰਜਾਬੀ ਸਾਹਿਤ ਵਿੱਚ ਮੁੱਢ ਤੋਂ ਹੀ ਧਾਰਮਿਕ ਤੇ ਅਧਿਆਤਮਿਕ ਸਾਹਿਤ ਦੀ ਮਾਰਕਸੀ ਵਿਆਖਿਆ ਤੇ ਭਰਪੂਰ ਚਰਚਾ ਹੋਈ ਹੈ। ਫਿਰ ਯਥਾਰਥਕ ਦੀ ਗੱਲ ਹੋਣੀ ਸ਼ੁਰੂ ਹੋ ਜਾਂਦੀ ਹੈ। ਅਜੋਕਾ ਰੂਪ ਹੁਣ ਮਨੁੱਖੀ ਚਿੱਤਰ ਨੂੰ ਬੋਲੀ ਤੇ ਮੁਹਾਵਰੇ ਵਿੱਚ ਲਿਖਣ ਦਾ ਉਪਰਾਲਾ ਕਰ ਰਿਹਾ ਹੈ।

> *"ਸਾਹਿਤ ਦੀ ਵਸਤੂ ਸਾਹਿਤਿਕ ਚਿੱਤਰ ਦੀ ਨੀਂਹ ਮਨੁੱਖੀ ਸ਼ਖ਼ਸੀਅਤ ਹੈ ਅਤੇ ਉਸ ਦਾ ਰੂਪ ਉਸਾਰ ਉਸ ਦੀ ਦਿਮਾਗ਼ੀ ਚੇਤਨਤਾ ਮੰਨਿਆ ਜਾਂਦਾ ਹੈ।"*[2]

ਸੈਫ਼ੀ ਹੋਰਾਂ ਨੇ ਮੁਹੱਬਤ ਨੂੰ ਕਿਹਾ ਕਈ ਨੇ ਕੇਂਦਰੀ ਖ਼ਿਆਲ ਦੇ ਵਿਚਾਰ ਨੂੰ ਪ੍ਰਗਟ ਕੀਤਾ ਇਸ ਵਿੱਚ ਯਥਾਰਥ ਚਿੱਤਰ ਨੂੰ ਅਜਿਹਾ ਪੇਸ਼ ਕੀਤਾ ਹੈ ਕਵੀ ਮੁਹੱਬਤ ਰਾਹੀਂ ਕੁਦਰਤੀ ਵਹਾਅ ਮੁਤਾਬਕ ਦਿਖਾਈ ਦਿੰਦਾ ਹੈ। 'ਮੁਹੱਬਤ ਨੇ ਕਿਹਾ' ਕਵੀ ਮੁਹੱਬਤ ਨਾਲ ਸੰਵਾਦ ਰਚਾਉਂਦਾ ਨਜ਼ਰ ਆਉਂਦਾ ਹੈ। ਜਿਸ ਤਰ੍ਹਾਂ ਡਾ ਹਰਿਭਜਨ ਸਿੰਘ ਹੋਰਾਂ ਨੇ ਰੁੱਖ ਤੇ ਰਿਸ਼ੀ ਵਿੱਚ ਨਿੱਜੀ ਜ਼ਿੰਦਗੀ ਦੇ ਅਨੁਭਵਾਂ ਨੂੰ ਸਮਾਜਿਕ ਜੀਵਨ ਦੇ ਸੰਦਰਭ ਵਿੱਚ ਵਿਅਕਤ ਕੀਤਾ ਗਿਆ ਹੈ।

ਕਵੀ ਰਚਨਾਵਾਂ ਵਿੱਚ ਗਿਆਨ ਚੇਤਨਾ ਅਤੇ ਫ਼ਲਸਫ਼ੇ ਦੀਆਂ ਗੁੱਝੀਆਂ ਰਮਜ਼ਾਂ ਨੂੰ ਪੇਸ਼ ਕਰਦਾ ਹੈ। 'ਮੁਹੱਬਤ ਨੇ ਕਿਹਾ' ਕਾਵਿ ਸੰਗ੍ਰਹਿ ਵਿਚ ਕਵੀ ਨੇ 114 ਦੇ ਲਗਭਗ ਕਵਿਤਾਵਾਂ ਪੇਸ਼ ਕੀਤੀਆਂ ਹਨ। ਕਵੀ ਨੇ ਹਰ ਪਰਤ ਨੂੰ ਖੋਲ੍ਹਿਆ ਤੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਉਹਨਾਂ ਦਾ ਸੰਵਾਦ ਮੁਹੱਬਤ ਦੇ ਮਨਮੁਖ ਹੋ ਕੇ

ਵਿਚਰਿਆ ਹੈ। ਕਵੀ ਸਵਾਲ ਮੁਹੱਬਤ ਦੇ ਅੱਗੇ ਰੱਖ ਤੇ 'ਉਸ ਨੇ ਕਿਹਾ' ਦਾ ਸਫ਼ਰ ਸ਼ੁਰੂ ਕੀਤਾ ਤੇ ਅੰਤ ਮਨ ਰਾਹੀ ਹਰ ਸਵਾਲ ਭਾਵ 'ਮੈਂ ਪੁੱਛਿਆ' ਤੋਂ ਸ਼ੁਰੂ ਹੋ ਕੇ 'ਉਸ ਨੇ ਕਿਹਾ' ਤੱਕ ਖ਼ਤਮ ਹੁੰਦਾ ਹੈ। ਸਮੁੱਚੀ ਕਾਵਿ ਸੰਗ੍ਰਹਿ ਦਾ ਪੈਰਾਡਾਈਮ ਇਸ ਸਥਿਤੀ ਵਿੱਚ ਲੱਗਦਾ ਹੋਇਆ ਸਿਖ਼ਰਾਂ ਤੇ ਪਹੁੰਚਦਾ ਹੈ।

*"ਆਧੁਨਿਕ ਯੁੱਗ ਦੀ ਸੰਵੇਦਨਾ ਦੇ ਇਹ ਨਵੇਂ ਸ਼ਾਇਰ ਬਹੁ ਪਰਤੀ ਤੇ ਬਹੁ ਦਿਸ਼ਾਵੀਂ ਯਥਾਰਥ ਨਾਲ ਦਸਤ ਪੰਜਾ ਲੈਂਦੇ ਨਜ਼ਰ ਆਉਂਦੇ ਹਨ।"* [3]

ਮਨੁੱਖੀ ਮਨ ਜਦ ਲੋਕ ਮਨ ਦੇ ਰੂਪ ਵਿੱਚ ਆਉਂਦਾ ਹੈ ਤਾਂ ਉਹ ਪਰੰਪਰਾ ਦੇ ਵਹਿਣ ਵਿੱਚ ਵਹਿ ਕੇ ਆਪਣੀ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਗੁਲਜ਼ਾਰ ਸਿੰਘ ਕੰਗ ਦਾ ਵਿਚਾਰ ਹੈ ਕਿ,

*"ਕਵਿਤਾ ਸਦਾ ਉੱਚੇ ਨਛੱਤਰੀ ਵੱਸਦੀ ਹੈ ਪਰ ਉਸ ਦੀ ਪ੍ਰਾਪਤੀ ਲਈ ਕਵੀ ਨੂੰ ਆਪਣੀ ਚੇਤਨਾ ਵਿੱਚ ਉਹ ਸੋਮੇ ਪੈਦਾ ਕਰਨੇ ਪੈਂਦੇ ਹਨ ਜੋ ਉਸ ਦੀ ਕਲਪਨਾ ਨੂੰ ਪ੍ਰਚੰਡ ਕਰ ਸਕਣ।"* [4]

ਪੰਜਾਬੀ ਕਵਿਤਾ ਦੀ ਇਹ ਵਿਸ਼ੇਸ਼ਤਾ ਮੰਨੀ ਜਾਂਦੀ ਹੈ ਕਿ ਇਹ ਹਮੇਸ਼ਾ ਹੀ ਗਤੀਸ਼ੀਲ ਰਹੀ। ਨਵੇਂ ਦਾਇਰਿਆਂ ਵਿੱਚ ਵਿਚਰ ਕੇ ਨਵੀਨ ਸਰੋਕਾਰਾਂ ਦੇ ਬਦਲਦੇ ਥੀਮਾਂ ਦੀ ਤਲਾਸ਼ ਕੀਤੀ। ਪੰਜਾਬੀ ਸਾਹਿਤ ਵਿੱਚ ਨਵੇਂ ਦੌਰ ਤੇ ਪ੍ਰਸਿੱਧ ਕਵੀ ਡਾ. ਦਵਿੰਦਰ ਸੈਫ਼ੀ ਦੀ ਗੱਲ ਕਰੀਏ ਤਾਂ ਉਹ ਬਹੁਤ ਹੀ ਉਂਘੇ ਸ਼ਾਇਰ, ਚਿੰਤਕ ਅਤੇ ਆਲੋਚਕ ਹਨ। ਉਹਨਾਂ ਨੇ 'ਦੁਪਹਿਰ ਦਾ ਸਫ਼ਾ'ਕਾਵਿ ਸੰਗ੍ਰਹਿ ਨਾਲ ਸਾਹਿਤ ਵਿੱਚ ਸ਼ੁਰੂਆਤ ਕੀਤੀ। ਸਮੇਂ ਦੇ ਹਾਵੀ ਹੋ ਕੇ ਚਲੇ। ਉਹਨਾਂ ਨੇ ਦੱਸਿਆ ਕਿ ਆਓ ਬਾਤਾਂ ਸੁਣੀਏ, ਸਿਧਾਂਤਕਾਰੀ ਅਤੇ ਪੰਜਾਬੀ ਸਿਧਾਂਤਕਾਰ ਅਥਵਾ (ਆਲੋਚਨਾ) ਪੁਸਤਕਾਂ ਆਪਣੇ ਕਲਮ ਦੇ ਨਾਲ ਸਮਾਜ ਦੀ ਨਬਜ਼ ਫੜ ਕੇ ਪੇਸ਼ ਕੀਤੀਆਂ ਹਨ। ਉਹਨਾਂ ਦੀ ਵਿਚਾਰਧਾਰਾ ਦੀ ਵਿਧਾ ਲੇਖਕਾਂ ਤੋਂ ਹੱਟ ਪੇਸ਼ ਕੀਤੀ ਹੈ।''ਮੁਹੱਬਤ ਨੇ ਕਿਹਾ''ਪੁਸਤਕ ਵਿੱਚ ਜੇਕਰ ਅਸੀਂ ਦੁਨੀਆਵਾਦੀ,ਸਮਾਜਵਾਦੀ, ਯਥਾਰਥਵਾਦੀ, ਵਿਧਾ ਲੈ ਕੇ ਆਪਣੀਆਂ ਅੰਦਰਲੀ ਵੇਦਨਾ ਮੁਹੱਬਤ ਦੇ ਮੂੰਹੋਂ ਪੇਸ਼ ਕੀਤੀ ਹੈ। ਜਿਹੜੇ ਸਵਾਲ ਕਵੀ ਦੇ ਅੰਦਰ ਬੈਠੇ ਸੀ ਉਹ ਮੁਹੱਬਤ ਕੋਲੋਂ ਪੁੱਛੇ ਗਏ। ਮੁਹੱਬਤ ਦੇ ਰਾਹੀ ਹੀ ਸਮਾਜ ਦਾ ਸ਼ੀਸ਼ਾ ਦਿਖਾਇਆ ਗਿਆ ਹੈ। ਕਵੀ ਨੇ ਆਪਣੇ ਪਿਆਰੇ ਸੱਜਣ ਨੂੰ ਸੰਬੋਧਨ ਕਰਕੇ ਦੁਨਿਆਵੀ ਰਿਸ਼ਤਿਆਂ ਦੇ ਮੋਹ ਤੋਂ ਬਾਹਰ ਨਿਕਲ ਕੇ ਅਸਲੀਅਤ ਦੀ ਹੋਂਦ ਨੂੰ ਪੇਸ਼ ਕੀਤਾ ਹੈ।

ਡਾ.ਦਵਿੰਦਰ ਸੈਫ਼ੀ ਹੋਰਾਂ ਨੇ ਪਿਆਰ ਦੀ ਤਾਂਘ ਵਿੱਚ ਅਨੇਕਾਂ ਪਰਤਾਂ ਨੂੰ ਖੋਲ੍ਹਿਆ ਹੈ। ਪਿਆਰ ਜਾਂ ਪ੍ਰੇਮ ਸਹਿਚਾਰ ਦੀ ਇੱਕ ਬੁਨਿਆਦੀ ਜੈਵਿਕ ਸੂਰਤ ਉੱਤੇ ਅਧਾਰਿਤ ਮੁੱਲਾਂ ਦਾ ਮਾਨਵੀ ਵਲਵਲਾ ਹੈ। ਜਿਸ ਲਈ ਹਰੇਕ ਬੋਲੀ ਵਿੱਚ ਕਈ-ਕਈ ਸ਼ਬਦ ਵਰਤੇ ਜਾਂਦੇ ਹਨ। ਉਹ ਪਿਆਰ ਤਾਂਘ ਨੂੰ ਪੇਸ਼ ਕਰਦਾ ਹੈ ਤੇ ਉਸੇ ਵਿੱਚ ਹੀ ਡੁੱਬ ਜਾਣਾ ਚਾਹੁੰਦਾ ਹੈ। ਭਾਵੇਂ ਮੁਹੱਬਤ ਕਰਨਾ ਕੋਈ ਸੌਖਾ ਕੰਮ ਨਹੀਂ ਜ਼ਿੰਦਗੀ ਨੂੰ ਧੁਖਣ ਲਾ ਦਿੰਦੀ ਹੈ ਤੇ ਆਮ ਜ਼ਿੰਦਗੀ ਵਿੱਚ ਤਰਥੱਲੀ ਮਚਾ ਜਾਂਦੀ ਹੈ।

*"ਹੜ੍ਹ ਲਿਆ ਦਿੰਦੀ ਏ,*
*ਜ਼ਿੰਦਗੀ ਦੇ ਕਈ ਕੋਨੇ*
*ਧੁਖਣ ਲਾ ਦਿੰਦੀ ਹੈ*
*ਕਈ ਸਿਰ ਨਾਵਿਆ ਅੰਦਰ*
*ਤਰਥੱਲੀ ਮਚਾ ਦਿੰਦੀ ਏ।"* [5]

ਇਕ ਨਿਰੋਲ ਅਧਾਰਿਤ ਦੀ ਗੱਲ ਕੀਤੀ ਹੈ। ਮੁਹੱਬਤ ਦੇ ਤਰਕ ਰਾਹੀਂ ਜੀਵਨ ਦੀ ਸਚਾਈ ਨੂੰ ਬਿਆਨ ਕਰਦਾ ਹੋਇਆ ਨਜ਼ਰ ਆਉਂਦਾ ਹੈ। ਜੇਕਰ ਕਵੀ ਦੀ ਸੰਵੇਦਨਾ ਨੂੰ ਜਾਣਨਾ ਹੋਵੇ ਤਾਂ ਉਹ ਨਿੱਜੀ ਜੀਵਨ ਅਨੁਭਵ ਅਤੇ ਕਲਪਨਾ ਸੀਲ ਪ੍ਰਵਿਰਤੀ ਵਿੱਚ ਸ਼ਬਦ ਦਾ ਦਰਿਆ ਫੁੱਟਦਾ ਹੈ ਜੀਵਨ ਪੱਖ ਨੂੰ ਛੂਹ ਦੀਆਂ ਭਾਵਨਾਵਾਂ ਤੇ ਜਜ਼ਬਾਤ ਦੇ ਪ੍ਰਤੀ ਸੁਚੇਤ ਬਿਰਤੀ ਵਿੱਚ ਵਿਚਾਰਾਂ ਦਾ ਪਰਵਾਹ ਕਰਦਾ ਨਜ਼ਰ ਆਉਂਦਾ ਹੈ।

*"ਕਾਵਿ ਦੀ ਦ੍ਰਿੜ੍ਹਤਾ ਦਾ ਇੱਕ ਵੱਡਾ ਕਾਰਨ ਦੋ ਬਦਲਦੇ ਹੋਏ ਹਾਲਾਤ ਦੇ ਅਨੁਕੂਲ ਹੋ ਕੇ ਚੱਲ ਚੁੱਕਣ ਦੀ ਸਮਰੱਥਾ ਹੈ। ਜਿਵੇਂ ਕਾਵਿ ਕਦੇ ਅਦ੍ਰਿਸ਼ ਤੇ ਅਵਿਅਕਤ ਸਾਧਨਾ ਦੀ ਗੱਲ ਹੁੰਦੀ ਹੈ।"* [6]

ਦਵਿੰਦਰ ਸੈਫ਼ੀ ਹੋਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਅਨੇਕਾਂ ਸੰਕਲਪ ਪੇਸ਼ ਕਰਕੇ ਨਵੀਆਂ ਚੁਨੌਤੀਆਂ ਨੂੰ ਸਵੀਕਾਰ ਕੀਤਾ ਹੈ।। ਮੁਹੱਬਤੀ ਸੰਜੀਵਨੀ, ਮੁਹੱਬਤੀ ਪ੍ਰਿਜ਼ਮ,ਵਿੱਚ ਕਿੰਨੇ ਡੂੰਘੇ ਅਰਥਾਂ ਦਾ ਆਭਾਸ ਹੁੰਦਾ ਹੈ। ਮੁਹੱਬਤੀ ਸ਼ਰਾਰਤ, ਮੁਹੱਬਤੀ ਤਰਕ ਵਿੱਚ ਉਸ ਨੇ ਕਈ ਗੁੱਝੀਆਂ ਰਮਜ਼ਾਂ ਦਾ ਖ਼ਿਆਲ ਪੇਸ਼ ਕੀਤਾ ਹੈ।

*ਤਰਕ ਸ਼ਾਸਤਰ ਦੀ ਅੱਧ ਖੁੱਲ੍ਹੀ ਕਿਤਾਬ ਦਾ*
*ਅਗਲਾ ਸਫ਼ਾ*
*ਮੈਥੋਂ ਫਿਰ ਕਦੇ ਵੀ ਪਲਟ ਨਾ ਹੋਇਆ।* [7]

ਇਸ ਵਿੱਚ ਸੈਫ਼ੀ ਹੋਰਾਂ ਨੇ ਸ਼ਬਦਾਂ ਰਾਹੀਂ ਕਾਰਜਾਂ ਦਾ ਸੰਕੇਤ ਦਿੱਤਾ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਵਿਧੀਆਂ ਦਾ ਅਧਿਐਨ ਤੇ ਵਿਧੀਆਂ ਦੀ ਵਰਤੋਂ ਕਰਦੇ ਹਨ। ਬੇਸ਼ੱਕ ਤਰਕ ਮੁਸਾਫ਼ਰ ਦਾ ਆਰੰਭ ਮਹਾਨ ਦਾਰਸ਼ਨਿਕ ਅਰਸਤੂ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਅਰਸਤੂ ਤੋਂ ਪਹਿਲਾ ਮਨੁੱਖ ਨਿਯਮਾਂ ਨਾਲ ਸੋਚਦੇ ਸਨ। ਇਸ ਤਰ੍ਹਾਂ ਕਵੀ ਨੇ ਤਰਕ-ਸ਼ਾਸਤਰ ਦਾ ਸਬੰਧ ਵਿਚਾਰ ਨਾਲ ਜੋੜ ਕੇ ਪੇਸ਼ ਕੀਤਾ ਹੈ। ਜਦੋਂ ਵਿਚਾਰ ਮਨ ਅੰਦਰ ਚਲਦੇ ਹਨ ਤਾਂ ਉਹਨਾਂ ਦਾ ਸਬੰਧ ਮਨੋਵਿਗਿਆਨ ਨਾਲ ਹੁੰਦਾ ਹੈ ਫਿਰ ਭਾਸ਼ਾ ਰਾਹੀਂ ਬਿਆਨ ਕਰ ਦਿੱਤਾ ਜਾਂਦਾ ਹੈ। ਕਵੀ ਨੇ ਆਪਣੇ ਵਿਚਾਰਾਂ ਨੂੰ ਤਰਕ-ਸ਼ਾਸਤਰ ਦੇ ਵਿੱਚ ਰੱਖ ਕੇ ਜਾਚਿਆ ਹੈ ਉਹ ਵਿਚਾਰ ਸਨ ਬੇਮੁਖ ਹੋ ਕੇ ਚੱਲ ਪਏ ਤਾਂ ਫਿਰ ਅਗਲੇ ਸਫ਼ਾ ਪਲਟ ਹੀ ਨਾ ਹੋਇਆ। ਕਵੀ ਨੇ ਪ੍ਰਿਜ਼ਮ ਵਿੱਚ ਇੱਕ ਜਿਓਮੈਟ੍ਰਿਕ ਠੋਸ ਦੇ ਸਮਾਨ ਸੈਕਸ਼ਨ ਅੱਜ ਸਮਾਨੰਤਰ ਸਿਰੇ ਦੀ ਗੱਲ ਕੀਤੀ ਹੈ। ਆਮ ਤੌਰ ਤੇ ਸ਼ੀਸ਼ੇ ਜਾਂ ਕ੍ਰਿਸਟਲ ਵਰਗੀ ਪਾਰਦਰਸ਼ੀ ਸਮਗਰੀ ਨਾਲ ਮੁਹੱਬਤ ਦੀ ਤੁਲਨਾ ਕਰਦਾ ਨਜ਼ਰ ਆਉਂਦਾ ਹੈ।

*ਸੂਰਜ ਦੀ ਕਿਰਨ ਜਦ ਗੁਜ਼ਰ ਜਾਵੇ*
*ਫਿਰ ਬਹੁ ਰੰਗੀ ਨਜ਼ਰ ਆਵੇ।* [8]

ਦਵਿੰਦਰ ਸੈਫ਼ੀ ਮੁਹੱਬਤ ਨੂੰ ਮਹਾਂਕਾਵਿ ਦੀ ਤਰ੍ਹਾਂ ਵਿਸ਼ਾਲਤਾ ਨੂੰ ਬਿਆਨ ਕਰਨ ਦਾ ਅਸੀਸ ਹੈ। ਜਿਵੇਂ ਕਵੀ ਨੇ ਕਿਹਾ ਹੈ ਕਿ ਸਾਗਰ ਦੀਆਂ ਮਛਲੀਆਂ ਨੂੰ ਘੜਿਆ ਵਿੱਚ ਨਹੀਂ ਪਾਈਦਾ ਹੁੰਦਾ। ਜਦੋਂ ਆਜ਼ਾਦ ਮਹਾਂਕਾਵਿ ਉਮਰ ਜਾਂਦਾ ਹੈ ਫਿਰ ਵਿਸ਼ਾਲਤਾ ਦੀ ਲੋੜ ਮਹਿਸੂਸ ਹੁੰਦੀ ਹੈ। ਮੁਹੱਬਤੀ ਲੋਚਾਂ ਵਿੱਚ ਭਾਈ ਵੀਰ ਸਿੰਘ ਦੀ ਕਵਿਤਾ ਕੇਲੋਂ ਦੇ ਗਲ ਲੱਗੀ ਵੇਲ ਦੇ ਸੰਵਾਦ ਆਤਮਾ ਤੇ ਪਰਮਾਤਮਾ ਦਾ

ਰੂਪ ਜਾਪਦੀ ਹੈ ਜਾਂ ਕਹਿ ਲਓ ਕਿ ਪ੍ਰੇਮਿਕਾ ਪ੍ਰੇਮੀ ਤੋਂ ਵਿਛੜਨਾ ਨਹੀਂ ਚਾਹੁੰਦੀ। ਉਹਨਾਂ ਨੇ ਮੁਹੱਬਤੀ ਸੰਵਾਦਾਂ ਵਿੱਚ ਅਨੇਕਾਂ ਗੁੱਝੇ ਭੇਦਾਂ ਦਾ ਵਰਣਨ ਕੀਤਾ। ਕਵੀ ਕਲਪਨਾ ਸੀਲ ਦਾ ਸੁਆਮੀ ਬਣ ਕੇ ਵਿਚਾਰਾਂ, ਬਿੰਬਾਂ ਤੇ ਸੁਪਨਿਆਂ ਦੇ ਸੰਸਾਰ ਵਿੱਚ ਇੱਕੋ ਸਮੇਂ ਇਕੱਠਾ ਵਿਚਾਰਦਾ ਦਿਖਾਈ ਦਿੰਦਾ ਹੈ। ਉਹਨਾਂ ਦੀ ਰਚਨਾਵਾਂ ਵਿੱਚ ਗੂੜ੍ਹੇ ਤੇ ਗੁੱਝੇ ਅੱਖਰਾਂ ਦੀ ਬਿਆਨਬਾਜ਼ੀ ਹੈ।

*ਬੜੀਆਂ ਗਹਿਰੀਆਂ ਰਮਜ਼ਾਂ ਜਾਣਦੀ ਹੈ ਤੂੰ। ਮੁਹੱਬਤ ਬਾਰੇ ਕੋਈ ਲੇਖ, ਨਿਬੰਧ ਲਿਖ ਜੋ ਦੱਸੇ ਸਾਰੇ ਭੇਦ।* [9]

ਦਵਿੰਦਰ ਸੈਫ਼ੀ ਹੋਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਰਸ ਭਰਿਆ ਹੈ। ਮੁਹੱਬਤ ਨੂੰ ਹਰ ਰੂਪ ਵਿਚਾਰ ਕੇ ਕਦੇ ਉਹ ਰਸੀਲੇ ਫਲਾਂ ਵਿੱਚ, ਮਿੱਠੀਆਂ ਰੁੱਤਾਂ,ਨੂਰ ਰਿਸ਼ਮਾਂ, ਰੋਜ਼ ਫੁੱਟਦੀਆਂ ਪੱਤੀਆਂ, ਬਣਦੀਆਂ ਕਲੀਆਂ, ਖਿੜਦੇ ਫੁੱਲ,ਮਹਿਕਾਂ ਵੰਡਦੀਆਂ, ਨੱਚਦੀਆਂ, ਕੋਇਲ ਦੇ ਬੋਲ, ਨਦੀ ਦਾ ਵਗਣਾ, ਖੰਡ ਵਰਗੀ ਮਿੱਠੀ ਗੁਲਕੰਦ, ਮਿੱਠੇ ਫਲ,ਸੇਵੀਆਂ, ਮਠਿਆਈ ਤੇ ਕਦੇ ਸੁੰਨਸਾਨ ਪਹਾੜੀ ਰਾਹਾਂ ਤੇ ਦਾਨਿਸ਼ਵਰਾਂ ਦੀਆਂ ਗੱਲਾਂ ਕਰਨਾ, ਮੁਹੱਬਤ ਨੂੰ ਤੋੜੀ ਵਿਚ ਰੱਖੇ ਦੁੱਧ ਦਾ ਰੰਗ ਗੁਲਾਬੀ ਹੋਣਾ ਤੇ ਸਾਰਾ ਸਾਰਾ ਦਿਨ ਤਪ ਕੇ ਠੰਢਾ ਦੁੱਧ ਗੁਲਾਬੀ ਭਾਅ ਮਾਰਨਾ ਮੁਹੱਬਤੀ ਰੰਗ ਵਿੱਚ ਲੰਘਦੇ ਮਹਿਸੂਸ ਹੁੰਦੇ ਹਨ। ਕਵੀ ਨੂੰ ਅਖੀਰ ਵਿੱਚ ਉਹ ਬੰਦਾ ਕਾਇਨਾਤ ਜਿੱਡਾ ਬਣਾ ਦਿੰਦਾ ਹੈ।

*ਮੁਹੱਬਤ ਵੀ ਕਮਾਲ ਕਰਦੀ ਐਂ*
*ਬੰਦੇ ਨੂੰ ਕਾਇਨਾਤ ਜਿੱਡਾ ਬਣਾ ਦਿੰਦੀ ਹੈ।* [10]

ਮੁਹੱਬਤੀ ਅਤਿਕ੍ਰਮਣ ਵਿਚ ਪ੍ਰੀਤਾਂ ਕਈ ਪੁਰਾਣੀਆਂ ਕਥਾਵਾਂ ਪੇਸ਼ ਕੀਤੀਆਂ ਹਨ। ਪਾਲ ਕੌਰ ਦੀ ਕਵਿਤਾ ਜਿਸ ਵਿੱਚ ਉਸ ਨੇ ਰੁਕਮਣੀ,ਰਾਧਾ ਤੇ ਗੋਪੀ ਦਾ ਸੰਵਾਦ ਪੇਸ਼ ਕੀਤਾ ਹੈ। ਉਸੇ ਤਰ੍ਹਾਂ ਸੈਫ਼ੀ ਹੋਰਾਂ ਨੇ ਮੁਹੱਬਤੀ ਰੂਪ ਨੂੰ ਰੂਹ ਤੇ ਸਰੀਰ ਤਾਲਮੇਲ ਕਰਕੇ ਉਸ ਨੇ ਜਾਚਣ ਦੀ ਕੋਸ਼ਿਸ਼ ਕੀਤੀ ਹੈ ਜਦੋਂ ਕਵੀ

ਮੁਹੱਬਤ ਮਨ ਤੋਂ ਮੀਰਾਂ ਦੀ ਸਾਧਨਾ ਤੇ ਤਨ ਤੋਂ ਰੁਕਮਣੀ ਦੀ ਮੁਹੱਬਤ ਅਖੀਰ ਵਿੱਚ ਹੋ ਨਿੱਬੜਦੀ ਹੈ। ਮੁਹੱਬਤੀ ਨੈਤਿਕਤਾ ਵਿੱਚ ਹੀਰ ਰਾਂਝੇ ਤੇ ਸੈਦੇ ਬਾਰੇ ਚਰਚਾ ਮਿਲਦੀ ਹੈ ਜਿਸ ਵਿੱਚ ਰਾਂਝੇ ਦੇ ਆਦਰਸ਼ ਵੱਲ ਇਸ਼ਾਰਾ ਕੀਤਾ ਗਿਆ ਹੈ ਕਿ ਉਹ ਭੱਜਦਾ ਨਹੀਂ ਸੀ ਚਾਹੁੰਦਾ ਤੇ ਹੀਰ ਨੂੰ ਸੈਦਾ ਵਿਆਹ ਕੇ ਲੈ ਜਾਂਦਾ ਹੈ।

ਜਦੋਂ ਦਵਿੰਦਰ ਹੋਰਾਂ ਦੀ ਮੁਹੱਬਤ ਸਮਾਜਿਕ ਵੇਗਾਂ ਵਿੱਚ ਵਹਿੰਦੀ ਹੈ ਤਾਂ ਕਈ ਰਿਸ਼ਤਿਆਂ ਨੂੰ ਮਖੌਟਿਆਂ ਨਾਲ ਵਰਤ ਵਿਹਾਰ,ਦੁਨੀਆ ਦੀ ਅੱਗ ਤਪਣ, ਖਪਣ ਦਾ ਹਰ ਪਾਸਾ ਉਸ ਨੇ ਆਪਣੇ ਸਾਵੇ ਹੋ ਕੇ ਵੇਖਿਆ ਹੈ। ਮੁਹੱਬਤ ਰੰਗ ਵਿੱਚ ਇੱਕ ਕਲਪਨਾ ਮਈ ਸੰਸਾਰ ਸਿਰਜਿਆ ਜਾਂਦਾ ਹੈ। ਇਸ ਵਿੱਚ ਸਿਰਫ਼ ਪਿਆਰ ਸ਼ਾਮਲ ਨਹੀਂ ਹੁੰਦਾ ਸਗੋਂ ਯਥਾਰਥ ਵਿਚਲੀਆਂ ਇੱਛਾਵਾਂ ਦੇ ਅਧੂਰੇ ਰਹਿ ਜਾਣ ਵਾਲੇ ਸੁਪਨੇ ਵਿਅਕਤੀ ਉਡਾਰੀ ਮਾਰਦਾ ਅਤੇ ਉਹਨਾਂ ਨੂੰ ਪੂਰਾ ਹੋਣ ਦੀ ਤਾਂਘ ਵਿੱਚ ਵਿਚਰਦਾ ਹੈ। ਮੁਹੱਬਤੀ ਮੰਥਨ, ਮੁਹੱਬਤੀ ਬੋਧ-ਪਨ,ਮੁਹੱਬਤੀ ਵਿਸ਼ਲੇਸ਼ਣ, ਮੁਹੱਬਤੀ ਸਾਧਨਾ, ਫਿਰ ਸਚਾਈ ਤੋਂ ਪਾਰ ਤਿਆਗ ਸਾਡੇ ਮਨ ਵਿੱਚ ਵਿਚਰ ਕੇ ਤ੍ਰਾਸਦੀ ਵੱਲ ਨੂੰ ਇਸ਼ਾਰਾ ਕਰਦਾ ਹੈ। ਮੁਹੱਬਤੀ ਮਨ ਦੀਆਂ ਗਹਿਰੀਆਂ ਵਿੱਚ ਉੱਤਰਨ ਉਪਰੰਤ ਰੋਸੇ ਦੀਆਂ ਹੱਦਾਂ ਤੋਂ ਨਿਕਲ ਕੇ ਫਿਰ ਸ਼ਬਦਾਂ ਦੇ ਅੰਗਾਰ ਸੁੱਟਣ ਦਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਉਸ ਵਿੱਚ ਹੀ ਉਸ ਵੱਲੋਂ ਖ਼ਾਸੀਅਤ ਦੀ ਥਾਂ ਬਣਾ ਰੱਖਦਾ ਹੈ।

ਅਜੋਕੇ ਸਮੇਂ ਦੇ ਭਖਦੇ ਮੁੱਦਿਆਂ ਨੂੰ ਵੀ ਸੈਫ਼ੀ ਹੋਰਾਂ ਨੇ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉਹਨਾਂ ਦੀਆਂ ਕਵਿਤਾਵਾਂ ਮੁਹੱਬਤੀ ਪਰਾਂ- ਚਿੰਤਨ, ਮੁਹੱਬਤੀ ਰਣਨੀਤੀ, ਮੁਹੱਬਤੀ ਨਾਰੀਵਾਦ ਜਿਸ ਵਿੱਚ ਚਾਰੇ ਪਾਸੇ ਫੈਲੀ ਆਪੋ ਆਪਣੀ ਹਉਮੈ, ਰਾਜਨੀਤਿਕ ਮੁੱਦੇ, ਆਰਥਿਕ ਨਿਘਾਰ ਅਜਿਹੀਆਂ ਸਥਿਤੀਆਂ ਦਾ ਬੋਧ ਕਰਵਾਉਂਦੀਆਂ ਹਨ। ਸਮੇਂ ਵਿੱਚ ਹੁੰਦੀਆਂ ਬਹਿਸਾਂ ਦਾ ਲੋਕਾਚਾਰੀ ਤੋਂ ਹਟ ਕੇ ਆਪਣੇ ਨਿੱਜੀਪਣ ਤੇ ਆ ਗਿਆ ਹੈ।

*"ਸਾਰੇ ਆਪੋ ਆਪਣੇ ਟੋਕੇ ਚਲਾਈ ਜਾਂਦੇ ਸੀ ਬਸ ਆਵਦੀ ਹਉਮੈ ਲਈ ਚਾਰਾ ਬਣਾਈ ਜਾਂਦੇ ਸੀ।"* [11]

ਸੈਫ਼ੀ ਹੋਰਾਂ ਨੇ ਸਮੇਂ ਦੀ ਨਬਜ਼ ਨੂੰ ਫੜਿਆ ਤੇ ਉਸ ਦੇ ਦੁਆਲੇ ਹੀ ਆਪਣਾ ਸੰਵਾਦ ਰਚਨਾ ਸ਼ੁਰੂ ਕੀਤਾ। ਮੁਹੱਬਤ ਦੇ ਰੂਪ ਵਿੱਚ ਵੱਖਰੇ ਵੱਖਰੇ ਧਾਰਨਾਵਾਂ ਅਧੀਨ ਮੁਹੱਬਤ ਦੇ ਮਾਅਨੇ ਦੱਸੇ। ਮੁਹੱਬਤ ਕੇਵਲ ਪ੍ਰੇਮੀ-ਪ੍ਰੇਮਿਕਾ ਦਾ ਰਹੱਸ ਹੀ ਨਹੀਂ ਸਮੁੱਚੇ ਵਰਗ ਵਿੱਚ ਰੱਖ ਕੇ ਇਸ ਵੰਡਿਆ ਤੇ ਵੱਖਰੇ -ਵੱਖਰੇ ਸਿਰਲੇਖ ਅਧੀਨ ਉਹਨਾਂ ਵੇਦਨਾ ਨੂੰ ਲੈ ਕੇ ਸੰਵੇਦਨਾ ਤੱਕ ਦਾ ਸਫ਼ਰ ਤਹਿ ਕੀਤਾ।

*"20ਵੀਂ ਸਦੀ ਦੇ ਅਖੀਰਲੇ ਦੋ ਦਹਾਕੇ ਪੰਜਾਬ ਵਿੱਚ ਸੰਤਾਪ ਦੇ ਦਹਾਕੇ ਹਨ। ਦਹਿਸ਼ਤਗਰਦੀ ਅਤੇ ਅਤਿਵਾਦ ਵਰਗੀਆਂ ਕਈ ਰੁਚੀਆਂ ਪੈਦਾ ਹੋਈਆਂ। ਪੰਜਾਬੀ ਕਾਵਿ ਨੇ ਵਿਸ਼ਾਲ ਤੇ ਅਮੁੱਕ ਵਿਰਸੇ ਦੇ ਵਿਸ਼ਿਆਂ ਨੂੰ ਅਪਣਾਇਆ।"* [12]

ਦਵਿੰਦਰ ਸੈਫ਼ੀ ਹੋਰਾਂ ਨੇ ਵੀ ਪੰਜਾਬ ਵਾਸੀਆਂ ਦਾ ਇੱਕ ਮਹਾਨ ਵਿਰਸਾ ਤੇ ਇੱਕ ਮਹਾਨ ਪਰੰਪਰਾ ਜੋ ਇਤਿਹਾਸ ਤੇ ਮਿਥਿਹਾਸ ਪਰਿਪੇਖ ਅਧੀਨ ਰੱਖ ਕੇ ਮੁਹੱਬਤੀ ਪੈਰਾਡਾਈਮ ਨੂੰ ਪੇਸ਼ ਕੀਤਾ। ਧਾਰਮਿਕ ਵਿਧਾ ਨੂੰ ਦਰਸਾਉਂਦੀ ਮੁਹੱਬਤੀ ਸਟੀਕ, ਮੁਹੱਬਤੀ ਤਾਕੀਦ ਵਿੱਚ ਵੀ ਉਹਨਾਂ ਗਹਿਰੀ ਕਾਵਿ ਵਿਧਾ ਕਾਵਿ ਕ੍ਰਿਸ਼ਮੇ ਤੇ ਮਹਾਂ-ਵਿਸ਼ਵ ਦੇ ਰਹੱਸ ਨੂੰ ਬਿਆਨ ਕੀਤਾ ਡਾ. ਸ਼ਿੰਦਰਪਾਲ ਸਿੰਘ ਹੋਰਾਂ ਨੇ ਮੁਹੱਬਤ ਕੇਂਦਰਿਤ ਇਹ ਸਵਾਲ-ਦਰ-ਸਵਾਲ ਅਤੇ ਉਹਨਾਂ ਪ੍ਰਤੀ ਉੱਤਰ ਏਕ ਨਵੀਨ ਕਾਵਿ-ਵਿਧਾ ਦਾ ਰੂਪ ਰੇਖਾ ਦਾ ਉਲੀਕ ਕੀਤਾ ਹੈ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਈ ਆਪਣੇ ਮਨ ਵਿੱਚ ਅਨੇਕਾਂ ਸਵਾਲ ਲਈ ਬੈਠੇ ਤੇ ਮੁਹੱਬਤ ਦੇ ਰਾਹੀ ਉਹਨਾਂ ਦਾ ਜਵਾਬ ਭਾਲਦੇ ਸ਼ਾਂਤ ਚਿੱਤ ਹੋ ਗਿਆ ਹੋਵੇ। ਮੁਹੱਬਤ ਨਾਲ ਕੀਤੇ ਸਵਾਲ ਦਾ ਅੰਤ ਅਖੀਰ 'ਜੀਵਤ ਮਰੀਐ ਦੇ ਅਸੀਸ ਖ਼ਿਆਲਾਂ ਵਿੱਚ ਜਾ ਮੁੱਕਦਾ ਹੈ।

*ਜਦੋਂ ਮੁਹੱਬਤ ਕੀਤੀ*
*ਤਾਂ ਬੇਪਨਾਹ ਕੀਤੀ*
*ਜਦ ਜ਼ਹਿਰ ਮਿਲੀ*
*ਤਾਂ ਬੇਇਨਤਿਹਾ ਪੀਤੀ*
*ਮੁਹੱਬਤ ਨੇ ਮਰਨਾ ਤੇ ਜ਼ਹਿਰ ਨੇ*
*ਜਿਉਣਾ ਸਿਖਾ ਦਿੱਤਾ।* [13]

ਜੇਕਰ ਵੇਖਿਆ ਜਾਵੇ ਤਾਂ, ਪੁਸਤਕ ਦੇ ਅਧੀਨ ਆਉਂਦੀਆਂ ਰਚਨਾਵਾਂ ਵਿੱਚ ਕਵੀ ਨੇ ਸਮੁੱਚੇ ਕਾਵਿ ਨੇ ਸ਼ਾਸਤਰ ਦੀ ਰਚਨਾ ਕੀਤੀ ਹੋਈ ਮਹਿਸੂਸ ਹੁੰਦੀ ਹੈ। ਸਮਾਜ ਦੀ ਕੋਈ ਵੀ ਅਜਿਹੀ ਵਿਧਾ ਨਹੀਂ ਜਿਸ ਉੱਤੇ ਕਵੀ ਨੇ ਆਪਣੀ ਕਲਮ ਨਾ ਅਜ਼ਮਾਈ ਹੋਵੇ। ਉਨ੍ਹਾਂ ਨੇ ਆਪਣੀ ਇਸ ਸੋਚਣੀ ਵਿੱਚ ਨਵੀਂ ਵਿਧਾ ਦਾ ਅੰਦਾਜ਼

ਪੇਸ਼ ਕੀਤਾ ਹੈ। ਮੁਹੱਬਤ ਬਾਰੇ ਅਮਰਜੀਤ ਗਰੇਵਾਲ ਦਾ ਵਿਚਾਰ ਬਿਲਕੁਲ ਸਹੀ ਮੰਨਿਆ ਜਾਂਦਾ ਹੈ ਕਿ ਇਸ ਵਿੱਚੋਂ ਸੁੱਖ ਨਹੀਂ ਦੁੱਖ ਵੀ ਸਿੰਮਦੈ,ਚੈਨ ਹੀ ਨਹੀਂ, ਭਟਕਣਾ ਵੀ ਮਿਲਦੀ ਹੈ ਪਰ ਇਹ ਸਭ ਮਨੁੱਖ ਅੰਦਰ ਉਹਦਾ ਕ੍ਰਿਸ਼ਮਾ ਬਚਾਈ ਰੱਖਦੇ। ਇਹੀ ਇਸ ਕਾਵਿ ਦਾ ਕੇਂਦਰੀ ਨੁਕਤਾ ਹੈ।

ਪ੍ਰੇਮੀ ਦਾ ਉਂਡੋ-ਉਂਡੋ ਕਰਦਾ ਮਨ 'ਮੁਹੱਬਤ ਨੇ ਕਿਹਾ' ਵਿੱਚ ਸ਼ਾਂਤ ਚਿੱਤ ਹੋਇਆ ਨਜ਼ਰ ਆਉਂਦਾ ਹੈ ਕਿਉਂਕਿ ਅਨੇਕਾਂ ਸਵਾਲਾਂ ਦੇ ਉੱਤਰ 'ਮੁਹੱਬਤ ਨੇ ਕਿਹਾ' ਵਿੱਚ ਸੰਪੂਰਨ ਪ੍ਰਾਪਤ ਹੋ ਜਾਂਦੇ ਹਨ। ਮੁਹੱਬਤ ਕਰਨ ਨਾਲ ਖੁਸ਼ੀ ਤੇ ਹੈ ਪਰ ਨਾਲ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

*ਮੁਹੱਬਤ ਕਰਨੀ*
*ਰੋੜਾਂ ਵਾਲੀ ਜ਼ਮੀਨ ਵਿੱਚ*
*ਖੂਹ ਪੁੱਟਣ ਜਹੀ ਘਾਲਣਾ ਹੁੰਦੀ ਹੈ*
*ਪਾਣੀ ਤੀਕਰ ਪਹੁੰਚ ਵੇਲੇ*
*ਖ਼ਵਾਜਾ ਖ਼ਿਜ਼ਰ ਪ੍ਰਗਟ ਹੋ ਜਾਂਦੇ*
*ਸੀਸ ਭੇਟ ਦੀ ਸ਼ਰਤ ਰੱਖ ਦਿੰਦੇ।* [14]

ਦਵਿੰਦਰ ਸੈਫ਼ੀ ਨੇ ਮੁਹੱਬਤੀ ਮਹਾਤਮਾ ਵਿੱਚ ਮਨ ਦੀ ਅੰਦਰਲੀ ਅਵਸਥਾ ਨੂੰ ਪੇਸ਼ ਕੀਤਾ। ਹਿਰਦੇ ਮਨ ਤੋਂ ਕੰਠ ਵਿੱਚ ਆਉਣ ਵਾਲੇ ਵਿਚਾਰਾਂ ਨੂੰ ਪੇਸ਼ ਕਰਕੇ ਮਹਿਮਾ ਤੀਕਰ ਲੈ ਜਾਨ ਤੋਂ ਭਾਵ ਮਨ ਦੀ ਅਵਸਥਾ ਹੈ ਜਿਸ ਵਿੱਚ ਬੋਲਣ ਦਾ ਜਾਂ ਲਿਖਣ ਤੋਂ ਪਹਿਲਾਂ ਵਿਚਾਰ ਪ੍ਰਵਾਹ ਚਲਦਾ ਰਹਿੰਦਾ ਹੈ। ਮੁਹੱਬਤ ਮਨੁੱਖੀ ਮਨ ਵਿੱਚ ਪਸ਼ਯੰਤੀ ਦੇ ਰੂਪ ਵਿੱਚ ਬੈਠ ਜਾਂਦੀ ਹੈ ਤੇ ਫਿਰ ਮਹਿਮਾ ਤੱਕ ਦਾ ਸਫ਼ਰ ਤੈ ਕਰਦੀ ਹੈ ਇਹ ਕੁਝ ਰੂਹਾਨੀ ਸਤ੍ਹਾ ਵਿਚ ਕਵੀ ਧਿਆਨ ਤੇ ਸਿਮਰਨ ਰਾਹੀ ਮਨੁੱਖ ਨੂੰ ਮੁਹੱਬਤ ਦੇ ਰੂਪ ਤੱਕ ਲੈ ਕੇ ਜਾਂਦਾ ਰਿਹਾ ਹੈ। ਉਹੀ ਮੁਹੱਬਤ ਫਿਰ ਦੇਵਤਿਆਂ ਜਾਂ ਬ੍ਰਹਮ ਗਿਆਨੀ ਪੁਰਸ਼ਾਂ ਦੀ ਦੈਵੀ ਦ੍ਰਿਸ਼ਟੀ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਉਹ ਆਪਣੀਆਂ ਨਿਗਾਹ ਸਾਰੇ ਪਾਸੇ ਜਾਂ ਅਣਮਿਥੇ ਤੌਰ ਤੇ ਸਭ ਕੁਝ ਵੇਖ ਕੇ ਸਹਿੰਦੀ ਹੈ। ਮੁਹੱਬਤ ਆਤਮਾ ਨੂੰ ਬੇਗ਼ਮ ਬਿਰਤੀ ਵਾਲਾ ਬਣਾ ਦਿੰਦੀ ਹੈ ਜੋ ਗ੍ਰਹਿਸਤ ਵਿਚ ਨਹੀਂ ਪੈਂਦੇ ਤੇ ਰੱਬੀ ਬਾਣੀ ਤੇ ਮਸਤ ਹੋਏ ਰਹਿੰਦੇ।

*ਮੁਹੱਬਤ ਰੂਹਾਂ ਨੂੰ ਬੇਗ਼ਮ ਬਣਾ ਦਿੰਦੀ ਮੁਹੱਬਤ ਹਿਰਦਿਆਂ ਨੂੰ*
*ਅਨਲਪਕਸ਼ ਬਣਾ ਦਿੰਦੀ।* [15]

ਮੁਹੱਬਤ ਦਾ ਰੂਪ ਬਹੁਤ ਵੱਡਾ ਜਿਹੜਾ ਨਾਪਿਆ ਨਹੀਂ ਜਾ ਸਕਦਾ। ਅਸੀਸ ਤੇ ਅਣਮਿਥੇ ਸਮੇਂ ਲਈ ਹਿਰਦੇ ਵਿੱਚ ਸਮਾਈ ਰਹਿੰਦੀ ਹੈ। ਉਹੀ ਮੁਹੱਬਤ ਚੇਤਨਾ ਨੂੰ ਜ਼ਰਖੇਜ਼ ਕਰ ਦਿੰਦੀ ਹੈ। ਕਵੀ ਮੁਹੱਬਤ ਨੂੰ ਯੂਸਫ਼ ਜ਼ੁਲੈਖਾ ਦੇ ਕਿਸੇ ਵਫ਼ਾਦਾਰੀ ਦਾ ਇਖ਼ਲਾਸ, ਮੁਹੱਬਤ ਨੂੰ ਪੁਰਾਤਨ ਯੂਨਾਨੀ ਦੀ ਦੁਖਦਾਈ ਘਟਨਾ ਦੀ ਯਾਤਰਾ ਕਰਵਾਉਂਦਾ ਨਜ਼ਰ ਆਉਂਦਾ ਹੈ। ਜੋ ਦੁਖਾਂਤਕ ਬਿਰਤੀ ਵਿੱਚ ਰਹਿ ਕੇ ਜ਼ਿੰਦਗੀ ਦੇ ਸਨਮੁੱਖ ਹੁੰਦਾ ਹੈ। ਪਰ ਫਿਰ ਵੀ ਮੁਹੱਬਤ ਬਹੁਤ ਕੁਝ ਸਿਖਾਉਂਦੀ ਹੈ ਉਹ ਹਉਮੈ ਨੂੰ ਖ਼ਤਮ ਕਰਨ ਨਾਲ,ਕਿਤਾਬਾਂ ਨਾਲ ਦੋਸਤੀ, ਕੇਸਰ ਵਾਂਗ ਦੁੱਧ ਵਿੱਚ ਘੁਲਦੀ ਹੋਈ ਹੰਕਾਰ ਨੂੰ ਖ਼ਤਮ ਕਰਦੀ, ਉਹ ਇੱਕ ਔਸ਼ਧੀ ਬਣ ਜਾਂਦੀ। ਇਸ ਵਿੱਚ ਪੈਦਾ ਔਗੁਣਾਂ ਨੂੰ ਖ਼ਤਮ ਕਰਕੇ ਨਿਰਭਉ ਨਿਰਵੈਰ ਦੀ ਅਵਸਥਾ ਤੱਕ ਲੈ ਜਾਂਦੀ ਹੈ। ਜਿੰਨੇ ਵੀ ਦੇਵਤੇ ਮਹਾਤਮਾ ਬੁੱਧ ਵਰਧਮਾਨ ਮਹਾਂਵੀਰ, ਗੋਰਖਨਾਥ, ਮਨਸੂਰ, ਦੁਸ਼ਯੰਤ ਤੇ ਸਕੁੰਤਲਾ ਆਦਿ ਅਨੇਕਾਂ ਕੁੰਡਲੀਆਂ ਨੂੰ ਖ਼ਤਮ ਕਰਕੇ ਮਨੁੱਖੀ ਹਿਰਦੇ ਵਿੱਚ ਅਸੀਮ ਸਮਾ ਜਾਂਦੀ ਹੈ। ਡਾ. ਰਵੀ ਰਵਿੰਦਰ ਨੇ ਸੈਫ਼ੀ ਨੂੰ ਸ਼ੁੱਧ ਸ਼ਾਇਰ ਕਿਹਾ ਹੈ। ਜੋ ਅਰਪਾਨੀਸ਼ਵਰ ਦੀ ਅਵਸਥਾ ਵਿੱਚ ਹੁੰਦਾ ਹੈ। ਜੋ ਇਸ਼ਕ ਹਕੀਕੀ ਤੇ ਮਜਾਜ਼ੀ ਨੂੰ ਸਿਖਰ ਤੇ ਲੈ ਜਾਂਦਾ ਹੈ। ਸ਼ਾਂਤ ਹੋਈ ਮੁਹੱਬਤ ਅਲੋਕਾਰੀ ਬਣ ਜਾਂਦੀ ਹੈ ਤੇ ਸੱਜਣ ਨੂੰ ਪੁਕਾਰ ਉੱਠਦੀ ਹੈ।

ਪੁਸਤਕ ਦੇ ਅਖੀਰ ਵਿੱਚ ਲੰਮੀ ਕਵਿਤਾ ਜੋ ਮੁਹੱਬਤ ਨਹੀਂ ਕਰਦੇ ਲੇਖਕ ਨੇ ਅਨੇਕਾਂ ਇਤਿਹਾਸਕ ਹਵਾਲਿਆਂ ਨਾਲ ਪਾਠਕਾਂ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਾ. ਸਰਬਜੀਤ ਹੋਰਾਂ ਨੇ ਆਪਣੀ ਵਿਚਾਰ ਪ੍ਰਵਾਹ ਵਿੱਚ ਕਿਹਾ ਹੈ ਕਿ ਨਜ਼ਮ ਵਿੱਚ ਸਥਾਨਕਤਾ, ਭੂਗੋਲਕਤਾ ਅਤੇ ਪਰੰਪਰਾ ਦੇ ਨਾਲ ਨਾਲ ਵਿਸ਼ਵ ਦੀਆਂ ਵਿਭਿੰਨ ਰਿਵਾਇਤਾਂ, ਮਿੱਥ ਕਥਾਵਾਂ, ਦੰਦ ਕਥਾਵਾਂ। ਲੋਕ ਬਿਰਤਾਂਤ ਸਿਰਜਿਆ ਹੈ। ਸੈਫ਼ੀ ਹੋਰਾਂ ਦੀ ਇਸ ਵਿੱਚ ਅਨੁਭਵ ਸੰਵੇਦਨਾ, ਚੇਤਨ ਆਦਿ ਅਨੇਕਾਂ ਸੰਦਰਭਾਂ ਵਿੱਚ ਗਿਆਨ ਦਾ ਪ੍ਰਵਾਹ ਕੀਤਾ ਹੈ। ਇਸ ਵਿੱਚ ਵਾਸਤਵਿਕਤਾ ਦੇ ਸੰਕਲਪ ਬਾਰੇ ਮੁੱਲਵਾਨ ਤੱਥਾਂ ਦਾ ਗਿਆਨ ਕਰਵਾਇਆ ਹੈ। ਇਤਿਹਾਸਕ ਪਰਿਪੇਖ ਦੀ ਬਹੁ ਪਸਾਰੀ ਜਟਿਲਤਾ ਸਾਹਿਤ ਭਾਵ ਵਿੱਚ ਰੂਪਾਂਤਰਿਤ ਹੋਣ ਦੀ ਥਾਂ ਵਸਤੂ ਸਥਿਤੀ ਇੱਕ ਹੀਰੇ ਤੇ ਸਤਾਈ ਰੂਪ ਵਿੱਚ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ ਗਿਆ ਹੈ।

ਡਾ. ਸਰਬਜੀਤ ਦੇ ਅਨੁਸਾਰ, *'ਮੋਹ', 'ਮੁਹੱਬਤ', 'ਤੇਹ', 'ਸੁਨੇਹ', 'ਪਿਆਰ' ਕਿੰਨੇ ਸ਼ਬਦ ਹਨ ਜੋ ਮਾਨਵੀ ਮਨ ਚਿੱਤ ਜਾ ਚਾਹਤ ਦਾ ਪ੍ਰਤੀਕ ਹਨ। ਇਸ ਨਜ਼ਮ ਵਿੱਚ ਮੁਹੱਬਤ ਦਾ ਚਿੰਤਨ ਸ਼ਬਦ ਤੋਂ ਪਾਰ ਜਾ ਕੇ ਸੰਕਲਪ ਵਿੱਚ ਪਲਟ ਜਾਂਦਾ ਹੈ।*[16]

ਦਵਿੰਦਰ ਸੈਫ਼ੀ ਹੋਰਾਂ ਨੇ ਮੁਹੱਬਤ ਨਾ ਕਰਨ ਵਾਲਿਆਂ ਬਾਰੇ ਕਿਹਾ ਕਿ ਉਹ ਆਪਣੀ ਜਾਨ ਪੱਥਰ ਤੇ ਤੋਤੇ ਵਿੱਚ ਪਾ ਰੱਖਦੇ ਹਨ। ਜੋ ਉਨ੍ਹਾਂ ਦੇ ਮਨ ਵਿੱਚ ਵਲਵਲੇ ਉੱਠਦੇ ਹਨ ਉਹ ਮਨ ਅੰਦਰ ਹੀ ਰਹਿ ਜਾਂਦੇ ਹਨ। ਉਹਨਾਂ ਦੀ ਜ਼ਿੰਦਗੀ ਮੁਹੱਬਤ ਤੋਂ ਵੰਚਿਤ ਖ਼ਾਲੀ-ਪਨ ਦਾ ਅਹਿਸਾਸ ਰਹਿੰਦਾ ਹੈ। ਉਹ ਸੰਵੇਦਨਾ ਦੇ ਭਾਰ ਹੇਠਾਂ ਦੱਬੇ ਹਉਮੈਂ ਦੀ ਕੰਧ ਕੱਢ ਕੇ ਜਿਉਂਦੇ ਹਨ। ਪਰ ਉਹ ਬਾਕੀ ਸਮਾਜਿਕ ਉਲਝਣਾ ਤੋਂ ਬੱਚੇ ਸਮਾਜ ਵਿੱਚ ਸਿਰ ਕੱਢ ਕੇ ਵਿਚਰਦੇ ਹਨ। ਕਵੀ ਦੀਆਂ ਨਜ਼ਰਾਂ ਵਿੱਚ ਮੁਹੱਬਤ ਨਾ ਕਰਨ ਵਾਲੇ ਲੋਕਾਂ ਹਰਸ਼ ਠੀਕ ਨਹੀਂ ਹੈ। ਕਵੀ ਨੇ ਇਤਿਹਾਸਕ ਹਵਾਲੇ ਦੇ ਕੇ ਕਿਹਾ ਉਹ ਦੁਰਗਾ ਤੇ ਮਹਿਖਾਸੁਰ, ਕੰਧਾਰੀ,ਸੁਲੇਮਾਨ, ਗੌਤਮ ਤੇ ਅਹਿਲਿਆ, ਧ੍ਰਿਤਰਾਸ਼ਟਰ ਤੋਂ ਦੁਰਯੋਦਨ ਜੁਦਾਸ ਤੋਂ ਜੀਸਸ, ਮਾਸੂਮ ਸਾਹਿਬਜ਼ਾਦਿਆਂ, ਹੁਸੈਨ, ਯੂਸਫ਼, ਹਰਨਾਖਸ਼, ਪ੍ਰਹਿਲਾਦ, ਹੀਰ, ਕੈਕਈ, ਸਲਵਾਰ,ਪੂਰਨ ਦੀਆਂ ਘਟਨਾਵਾਂ ਨੂੰ ਮੁਹੱਬਤ ਨਾ ਕਰਨ ਵਾਲਿਆਂ ਦੇ ਸੰਗ ਰੱਖ ਵਿਸਥਾਰਿਆ ਹੈ।

ਮੁਹੱਬਤ ਦੀ ਸਭ ਤੋਂ ਵੱਡੀ ਕਰਾਮਾਤ ਇਹ ਹੈ ਕਿ ਇਹ ਬੰਦੇ ਨੂੰ ਬੌਧਿਕਤਾ ਅਤੇ ਮਨੋਭਾਵਾਂ ਦੇ ਸੁਮੇਲ ਰਾਹੀਂ ਇੱਕ ਨਵੀਂ ਦ੍ਰਿਸ਼ਟੀ ਪ੍ਰਧਾਨ ਕਰਦੀ ਹੈ। ਜਦੋਂ ਕੋਈ ਮੁਹੱਬਤ ਦੇ ਸਿਧਾਂਤ ਨੂੰ ਅਪਣਾ ਲੈਂਦਾ ਹੈ ਤਾਂ ਉਹ ਜੀਵਨ ਦੇ ਪੂਰਨ ਸੱਚ ਨੂੰ ਗ੍ਰਹਿਣ ਕਰਨ ਦੇ ਯੋਗ ਹੋ ਜਾਂਦਾ ਹੈ। ਫਿਰ ਉਹ ਆਪਣੀ ਜ਼ਿੰਦਗੀ ਵਿੱਚ ਸਹੀ ਜੀਵਨ ਜਾਂਚ ਰਾਹੀਂ ਆਪਣੇ ਆਪ ਨੂੰ ਸੁਖਾਲਾ ਮਹਿਸੂਸ ਕਰਦਾ ਹੈ। ਉਸ ਨੇ ਕੁਝ ਤਰਕ ਤੇ ਵਿਅੰਗਾਤਮਿਕ ਦ੍ਰਿਸ਼ਟੀ ਰਾਹੀ ਬਿਆਨ ਕੀਤਾ ਹੈ-

*ਮੁਹੱਬਤ ਬੋਲੀਆਂ ਵੀ ਪਾਉਂਦੀ ਹੁੰਦੀ ਹੈ*
*ਤੇ ਬੁਝਾਰਤਾਂ ਵੀ*
*ਗੀਟੇ ਵੀ ਖੇਡਦੀ ਹੁੰਦੀ ਹੈ*

*ਤੇ ਬਾਗਾਂ ਟਹਿਣੀ ਵੀ।* [17]

ਸੋ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦਵਿੰਦਰ ਸੈਫ਼ੀ ਹੋਰਾਂ ਨੇ ਮੁਹੱਬਤ ਰੰਗ ਵਿੱਚ ਇੱਕ ਕਲਪਨਾ ਮਈ ਸੰਸਾਰ ਸਿਰਜਿਆ ਹੈ। ਪਿਆਰ ਤੋਂ ਪਾਰ ਉਹਨਾਂ ਨੇ ਉਹਨਾਂ ਸਚਾਈਆਂ ਤੋਂ ਜਾਣੂ ਕਰਵਾਇਆ ਜਿਨ੍ਹਾਂ ਦਾ ਅਸੀਂ ਖ਼ਿਆਲ ਨਾ ਕਰ ਸਕੇ। ਕਵੀ ਨੂੰ ਪੂਰਨ ਤੌਰ ਤੇ ਮੁਹੱਬਤ ਦਾ ਕਵੀ ਕਿਹਾ ਜਾ ਸਕਦਾ ਹੈ। ਜੋ ਮੁਹੱਬਤ ਦੀ ਪਰਿਭਾਸ਼ਾ ਨੂੰ ਵੱਖਰੇ ਢੰਗ ਨਾਲ ਪੇਸ਼ ਕਰਨ ਵਿੱਚ ਸਫਲ ਹੋ ਗਿਆ ਹੈ। ਉਹ ਮੁਹੱਬਤ ਦੇ ਰਾਹੀ ਹੀ ਸੁਪਨਿਆਂ ਵਿੱਚ ਵੀ ਕਈ ਕੁਰੀਤੀਆਂ ਤੀਆਂ ਨੂੰ ਪੇਸ਼ ਕਰਦਾ ਸੱਚ ਨੂੰ ਬਿਆਨ ਕਰਦਾ ਪ੍ਰਤੀਤ ਹੁੰਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. ਹਰਿਭਜਨ ਸਿੰਘ ਭਾਟੀਆ (ਸੰਪਾ), ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਸੰਵਾਦ ਤੇ ਮੁਲਾਕਾਤ, ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ, ਪੰਨਾ: 26
2. -ਉਹੀ-, ਪੰਨਾ: 29
3. ਡਾ. ਚੂਹੜ ਸਿੰਘ (ਸੰਪਾ), ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, ਪੰਨਾ: 69
4. ਗੁਲਜ਼ਾਰ ਸਿੰਘ ਕੰਗ, ਕਾਵਿ ਚੇਤਨਾ (ਡਾ.ਹਰਿਭਜਨ ਸਿੰਘ ਰਚਿਤ ਕਾਵਿ ਯਾਤਰਾ ਦੇ ਸੰਦਰਭ ਵਿੱਚ) ਖੋਜ ਪੱਤ੍ਰਿਕਾ, ਪੰਨਾ: 21
5. ਦੇਵਿੰਦਰ ਸੈਫ਼ੀ, 'ਮੁਹੱਬਤ ਨੇ ਕਿਹਾ', ਊੜਾ ਪਬਲੀਕੇਸ਼ਨ, ਮੋਗਾ, ਪੰਨਾ: 21
6. ਡਾ.ਗੁਰਬਚਨ ਸਿੰਘ ਰਾਹੀ, ਸਾਹਿਤ ਪਰਿਚਰਚਾ, ਸੰਗਮ ਪਬਲੀਕੇਸ਼ਨ, ਸਮਾਣਾ, ਪੰਨਾ: 52
7. ਦੇਵਿੰਦਰ ਸੈਫ਼ੀ, 'ਮੁਹੱਬਤ ਨੇ ਕਿਹਾ', ਊੜਾ ਪਬਲੀਕੇਸ਼ਨ, ਮੋਗਾ, ਪੰਨਾ: 37
8. -ਉਹੀ-, ਪੰਨਾ: 39
9. -ਉਹੀ-, ਪੰਨਾ: 52
10. -ਉਹੀ-, ਪੰਨਾ: 59
11. -ਉਹੀ-, ਪੰਨਾ: 108
12. ਡਾ.ਗੁਰਬਚਨ ਸਿੰਘ ਰਾਹੀ, ਸਾਹਿਤ ਪਰਿਚਰਚਾ, ਸੰਗਮ ਪਬਲੀਕੇਸ਼ਨ, ਸਮਾਣਾ, ਪੰਨਾ: 63
13. ਦੇਵਿੰਦਰ ਸੈਫ਼ੀ, 'ਮੁਹੱਬਤ ਨੇ ਕਿਹਾ', ਊੜਾ ਪਬਲੀਕੇਸ਼ਨ, ਮੋਗਾ, ਪੰਨਾ:122
14. -ਉਹੀ-, ਪੰਨਾ: 125
15. -ਉਹੀ-, ਪੰਨਾ: 131
16. -ਉਹੀ-, ਪੰਨਾ:163
17. -ਉਹੀ-, ਪੰਨਾ: 166



### *Cite this Article-*

*ਡਾ.ਮਨਿੰਦਰਜੀਤ ਕੌਰ (Dr. Maninderjit Kaur), ਮੁਹੱਬਤੀ ਦ੍ਰਿਸ਼ਟੀਆਂ ਦੀ ਕਰਾਮਾਤ: 'ਮੁਹੱਬਤ ਨੇ ਕਿਹਾ' ਕਾਵਿ ਪੁਸਤਕ (Muhbati Drishtiyan Di Kramaat : 'Muhbat Ne Kiha' Kaavi Pustak), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 27-31.*

*Journal URL:* www.armaan.org.in

*DOI:* https://doi.org/10.64119/armaan.vol.4.issue1.05



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/